Punjabi - Number 88
June 2018

# ਵੈਸਟ ਨਾਇਲ ਵਾਇਰਸ
## West Nile Virus

### ਵੈਸਟ ਨਾਇਲ ਵਾਇਰਸ ਕੀ ਹੈ?

ਵੈਸਟ ਨਾਇਲ ਵਾਇਰਸ (ਡਬਲਿਯੂ ਐਨ ਵੀ) ਇੱਕ ਅਜਿਹੀ ਬੀਮਾਰੀ ਹੈ ਜਿਹੜੀ ਆਮਤੌਰ ਤੇ ਪੰਛੀਆਂ ਵਿਚਕਾਰ ਮੱਛਰਾਂ ਦੁਆਰਾ ਫੈਲਾਈ ਜਾਂਦੀ ਹੈ। ਮੱਛਰ ਇਸ ਵਾਇਰਸ ਨਾਲ ਵਿਗਾੜਗ੍ਰਸਤ ਪੰਛੀਆਂ ਨੂੰ ਕੱਟਣ ਨਾਲ ਵਾਇਰਸ ਦੇ ਵਾਹਕ ਬਣ ਸਕਦੇ ਹਨ। ਲੋਕਾਂ, ਘੋੜਿਆਂ ਅਤੇ ਦੂਸਰੇ ਜਾਨਵਰਾਂ ਦਾ ਵਿਗਾੜਗ੍ਰਸਤ ਹੋਣਾ ਸੰਭਵ ਹੈ ਜੇ ਉਨ੍ਹਾਂ ਨੂੰ ਵਾਇਰਸ ਦੇ ਵਾਹਕ ਮੱਛਰ ਦੁਆਰਾ ਕੱਟ ਲਿਆ ਜਾਂਦਾ ਹੈ।

### ਵੈਸਟ ਨਾਇਲ ਵਾਇਰਸ ਦੇ ਕੀ ਲੱਛਣ ਹਨ?

ਡਬਲਿਯੂ ਐਨ ਵੀ (WNV) ਨਾਲ ਵਿਗਾੜਗ੍ਰਸਤ ਬਹੁਤ ਸਾਰੇ ਲੋਕ ਬੀਮਾਰ ਨਹੀਂ ਹੋਣਗੇ। ਕੁਝ ਲੋਕਾਂ ਨੂੰ ਹਲਕੀ ਤੋਂ ਦਰਮਿਆਨੀ ਬੀਮਾਰੀ ਹੋਏਗੀ ਜਿਹੜੀ ਵਿਗਾੜਗ੍ਰਸਤ ਹੋਣ ਤੋਂ 3 ਤੋਂ 14 ਦਿਨ ਬਾਅਦ ਸ਼ੁਰੂ ਹੁੰਦੀ ਹੈ।

ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ ਬੁਖਾਰ, ਸਿਰਦਰਦ, ਸਰੀਰਕ ਦਰਦਾਂ, ਥਕਾਵਟ, ਅਤੇ ਕਈ ਵਾਰੀ ਸਰੀਰ ਤੇ ਰੈਸ਼। ਇਹ ਲੱਛਣ ਆਮਤੌਰ ਤੇ ਹਫਤੇ ਤੱਕ ਰਹਿੰਦੇ ਹਨ, ਪਰ ਇਹ ਕਈ ਹਫ਼ਤਿਆਂ ਅਤੇ ਮਹੀਨਿਆਂ ਲਈ ਰਹਿ ਸਕਦੇ ਹਨ।

1 ਪ੍ਰਤੀਸ਼ਤ ਤੋਂ ਘੱਟ ਲੋਕਾਂ ਵਿੱਚ, ਡਬਲਿਯੂ ਐਨ ਵੀ (WNV) ਵਿਗਾੜ ਦਾ ਨਤੀਜਾ ਜਿਆਦਾ ਗੰਭੀਰ ਬੀਮਾਰੀਆਂ ਜਿਵੇਂ ਕਿ ਮੇਨਿਨਜਾਈਟਸ (ਦਿਮਾਗ ਦੀ ਪਰਤ ਦੀ ਸੋਜ), ਏਨਸਿਫਾਲਾਈਟਸ (ਦਿਮਾਗ ਦੀ ਸੋਜ) ਜਾਂ ਪੋਲਿਓ ਵਰਗਾ ਲਕਵਾ ਹੋ ਸਕਦਾ ਹੈ। ਇੰਨਾਂ ਗੰਭੀਰ ਬੀਮਾਰੀਆਂ ਵਿੱਚੋਂ ਇੱਕ ਵਾਲੇ ਲੋਕਾਂ ਨੂੰ ਤੇਜ਼ ਬੁਖਾਰ, ਤੀਬਰ ਸਿਰਦਰਦ, ਉਲਝਣ ਅਤੇ ਕਮਜ਼ੋਰੀ ਵੀ ਹੋ ਸਕਦੀ ਹੈ।

ਬਹੁਤ ਵਿਰਲੇ ਕੇਸਾਂ ਵਿੱਚ, ਡਬਲਿਯੂ ਐਨ ਵੀ (WNV) ਵਿਗਾੜ ਦਾ ਨਤੀਜਾ ਮੌਤ ਹੋ ਸਕਦਾ ਹੈ। ਜੇ ਤੁਹਾਨੂੰ ਤੀਬਰ ਸਿਰਦਰਦ ਜਾਂ ਗਰਦਨ ਵਿੱਚ ਅਕੜਨ, ਜਿਸਦੇ ਲਈ ਤੁਸੀਂ ਕੋਈ ਕਾਰਨ ਨਹੀਂ ਲੱਭ ਸਕਦੇ ਜਾਂ ਡਬਲਿਯੂ ਐਨ ਵੀ (WNV) ਦੇ ਦੂਸਰੇ ਲੱਛਣ ਵਿਕਸਤ ਹੋ ਜਾਂਦੇ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

### ਵੈਸਟ ਨਾਇਲ ਵਾਇਰਸ ਲਈ ਇਲਾਜ ਕੀ ਹੈ?

ਡਬਲਿਯੂ ਐਨ ਵੀ (WNV) ਦੇ ਬਹੁਤ ਸਾਰੇ ਲਛਣਾਂ ਅਤੇ ਜਟਿਲਤਾਵਾਂ ਦਾ ਇਲਾਜ ਕੀਤਾ ਜਾ ਸਕਦਾ ਹੈ, ਹਾਲਾਂਕਿ ਵਿਗਾੜ ਲਈ ਕੋਈ ਖਾਸ ਇਲਾਜ, ਦਵਾਈ ਜਾਂ ਉਪਾਅ ਨਹੀਂ ਹੈ। ਡਬਲਿਯੂ ਐਨ ਵੀ (WNV) ਦੇ ਨਾਲ ਵਿਗਾੜਗ੍ਰਸਤ ਹੋਣ ਵਾਲੇ ਬਹੁਤ ਸਾਰੇ ਲੋਕ ਠੀਕ ਹੋ ਜਾਂਦੇ ਹਨ, ਪਰ ਪੂਰੀ ਤਰ੍ਹਾਂ ਠੀਕ ਹੋਣ ਵਿੱਚ ਹਫ਼ਤੇ ਜਾਂ ਮਹੀਨੇ ਲਗ ਸਕਦੇ ਹਨ। ਇਸ ਵੇਲੇ ਡਬਲਿਯੂ ਐਨ ਵੀ (WNV) ਲਈ ਕੋਈ ਮਨੁੱਖੀ ਵੈਕਸੀਨ ਨਹੀਂ ਹੈ।

### ਵੈਸਟ ਨਾਇਲ ਵਾਇਰਸ ਕਿਥੇ ਪਾਇਆ ਜਾਂਦਾ ਹੈ?

ਵਿਸ਼ਵ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਡਬਲਿਊ ਐਨ ਵੀ (WNV) ਪਾਇਆ ਜਾਂਦਾ ਹੈ।

ਡਬਲਿਊ ਐਨ ਵੀ ਦਾ ਪਹਿਲਾ ਪ੍ਰਕੋਪ ਉੱਤਰੀ ਅਮਰੀਕਾ ਵਿੱਚ ਨਿਊਯਾਰਕ ਸਿਟੀ ਵਿੱਚ 1999 ਵਿੱਚ ਹੋਇਆ ਸੀ। ਉਦੋਂ ਤੋਂ ਇਹ ਸਾਰੇ ਮਹਾਂਦੀਪੀ ਯੂ ਐਸ ਅਤੇ ਕੈਨੇਡਾ ਦੇ ਸਾਰੇ ਪ੍ਰਾਂਤਾਂ ਵਿੱਚ ਫੈਲਿਆ ਹੋਇਆ ਹੈ।

### ਬੀ ਸੀ ਵਿੱਚ ਵੈਸਟ ਨਾਇਲ ਵਾਇਰਸ ਦਾ ਕੀ ਜੋਖਮ ਹੈ?

ਮੱਛਰਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਹੁੰਦੀਆਂ ਹਨ, ਪਰ ਇੰਨਾਂ ਵਿੱਚੋਂ ਕੁਝ ਹੀ ਵਾਇਰਸ ਦੀਆਂ ਵਾਹਕ ਹੋ ਸਕਦੀਆਂ ਅਤੇ ਉਸ ਨੂੰ ਸੰਚਾਰਿਤ ਕਰ ਸਕਦੀਆਂ ਹਨ। ਇੰਨਾਂ ਵਿੱਚੋਂ ਕੁਝ ਬੀ.ਸੀ. ਵਿੱਚ ਮੌਜੂਦ ਹਨ।

ਪਰ, ਬੀ.ਸੀ. ਵਿੱਚ ਡਬਲਿਊ ਐਨ ਵੀ ਨਾਲ ਪ੍ਰਭਾਵਿਤ ਮੱਛਰਾਂ ਦੀ ਗਿਣਤੀ ਘੱਟ ਹੈ ਅਤੇ ਬੀ.ਸੀ. ਵਿੱਚ ਡਬਲਿਯੂ ਐਨ ਵੀ (WNV) ਦੇ ਖਤਰੇ ਨੂੰ ਨਿੰਮਾ ਮੰਨਿਆ ਜਾਂਦਾ ਹੈ।

### ਮੈਂ ਆਪਣੀ ਰੱਖਿਆ ਕਿਵੇਂ ਕਰ ਸਕਦਾ/ਦੀ ਹਾਂ?

ਅਜਿਹੀ ਕੋਈ ਵੀ ਗਤੀਵਿਧੀ ਜਿਹੜੀ ਮੱਛਰਾਂ ਨੂੰ ਕੱਟਣ ਜਾਂ ਵੱਧਣ ਤੋਂ ਰੋਕਦੀ ਹੈ ਡਬਲਿਯੂ ਐਨ ਵੀ (WNV) ਕਰਕੇ ਹੋਣ ਵਾਲੇ ਜੋਖਮ ਨੂੰ ਘਟਾਉਣ ਵਿੱਚ ਸਹਾਇਤਾ ਕਰੇਗੀ। ਅਜਿਹੀਆਂ ਕਈ ਸਰਲ ਚੀਜ਼ਾਂ ਹਨ ਜਿਹੜੀਆਂ ਤੁਸੀਂ ਆਪਣੀ ਰਖਿਆ ਕਰਨ ਲਈ ਕਰ ਸਕਦੇ ਹੋ:

- ਮੱਛਰ ਭਜਾਉਣ ਵਾਲਾ ਪਦਾਰਥ ਵਰਤੋ – ਢੱਕੀ ਨਾ ਹੋਈ ਚਮੜੀ ਦੇ ਖੇਤਰਾਂ ਤੇ ਇੱਕ ਮੱਛਰ ਭਜਾਉਣ ਵਾਲਾ ਪਦਾਰਥ ਲਗਾਉਣਾ ਮੱਛਰ ਦੇ ਕੱਟਣ ਨੂੰ ਰੋਕਣ ਦਾ ਇੱਕ ਉੱਤਮ ਢੰਗ ਹੈ। ਸਹੀ ਵਰਤੋਂ ਬਾਰੇ ਨਿਰਦੇਸ਼ਾਂ ਲਈ ਉਤਪਾਦ ਦਾ ਲੇਬਲ ਜਾਂਚੋ। ਮੱਛਰ ਭਜਾਉਣ ਵਾਲਾ ਪਦਾਰਥਾਂ ਬਾਰੇ ਹੋਰ ਜਾਣਕਾਰੀ ਲਈ, HealthLinkBC File #96 ਕੀੜੇ ਭਜਾਉਣ ਵਾਲੇ ਪਦਾਰਥ ਅਤੇ ਡੀਟ ਦੇਖੋ
- ਰੱਖਿਆਤਮਕ ਕਪੜੇ ਪਾਓ – ਗੂੜ੍ਹੇ ਰੰਗਾਂ ਦੇ ਕਪੜੇ ਨਾ ਪਾਓ ਕਿਉਂਕਿ ਉਹ ਮੱਛਰਾਂ ਨੂੰ ਆਕਰਸ਼ਤ ਕਰਦੇ ਹਨ। ਜੇ ਤੁਸੀਂ ਬਹੁਤ

ਸਾਰੇ ਮੱਛਰਾਂ ਵਾਲੇ ਖੇਤਰ ਵਿੱਚ ਹੋ, ਤਾਂ ਮੱਛਰਾਂ ਨੂੰ ਕੱਟਣ ਤੋਂ ਰੋਕਣ ਲਈ ਖੁੱਲੀ ਡੁੱਲੀ, ਪੂਰੀ ਲੰਬਾਈ ਦੀ ਪੈਂਟ ਅਤੇ ਪੂਰੀਆਂ ਬਾਹਵਾਂ ਦੀ ਕਮੀਜ਼ ਪਾਓ।ਡਬਲਿਯੂ ਐਨ ਵੀ (WNV) ਦੇ ਵਾਹਕ ਹੋ ਸਕਣ ਵਾਲੇ ਮੱਛਰ ਸ਼ਾਮ ਅਤੇ ਸਵੇਰ ਦੀ ਸ਼ੁਰੂਆਤ, ਖਾਸ ਕਰਕੇ ਸ਼ਾਮ ਅਤੇ ਪ੍ਰਭਾਤ ਵੇਲੇ, ਸਭ ਤੋਂ ਕਿਰਿਆਸ਼ੀਲ ਹੁੰਦੇ ਹਨ

- ਖਿੜਕੀਆਂ ਤੇ ਮੱਛਰਾਂ ਵਾਲੀਆਂ ਸਕ੍ਰੀਨਾਂ ਲਗਾਓ – ਜੇ ਤੁਸੀਂ ਅਜਿਹੇ ਖੇਤਰ ਵਿੱਚ ਹੋ ਜਿਥੇ ਬਹੁਤ ਸਾਰੇ ਮੱਛਰ ਹਨ, ਤਾਂ ਜਿਆਦਾ ਸਮਾਂ ਚੰਗੀ ਤਰ੍ਹਾਂ ਸਕ੍ਰੀਨ ਕੀਤੇ ਹੋਏ ਜਾਂ ਬੰਦ, ਏਅਰਕੰਡੀਸ਼ਨ ਕੀਤੇ ਖੇਤਰਾਂ ਵਿੱਚ ਬਿਤਾਓ।ਮੱਛਰਾਂ ਦੇ ਸਭ ਤੋਂ ਜਿਆਦਾ ਕਿਰਿਆਸ਼ੀਲ ਰਹਿਣ ਦੇ ਸਮੇਂ, ਜੋ ਕਿ ਸ਼ਾਮ ਤੋਂ ਪ੍ਰਭਾਤ ਤੱਕ ਹੈ, ਦੌਰਾਨ ਅੰਦਰ ਰਹਿਣ ਬਾਰੇ ਸੋਚੋ
- ਆਪਣੇ ਘਰ ਦੇ ਆਸੇ ਪਾਸੇ ਮੱਛਰਾਂ ਨੂੰ ਵਧਣ ਤੋਂ ਰੋਕੋ– ਅਜਿਹੀ ਕੋਈ ਵੀ ਚੀਜ਼ ਜਿਸ ਵਿੱਚ ਪਾਣੀ ਇਕੱਠਾ ਹੋ ਸਕਦਾ ਹੈ ਸੰਭਾਵੀ ਤੌਰ ਤੇ ਮੱਛਰਾਂ ਦੇ ਵੱਧਣ ਦੀ ਥਾਂ ਹੈ। ਆਪਣੇ ਸੰਪਤੀ ਤੇ ਅਜਿਹੇ ਖੇਤਰਾਂ ਦੀ ਪਛਾਣ ਕਰੋ ਅਤੇ ਉਨ੍ਹਾਂ ਨੂੰ ਹਟਾਓ। ਕੀਤੀਆਂ ਜਾਣ ਵਾਲੀਆਂ ਕੁਝ ਚੀਜ਼ਾਂ ਵਿੱਚ ਸ਼ਾਮਲ ਹਨ: ਗਮਲਿਆਂ ਦੇ ਹੇਠਲੀਆਂ ਤਸ਼ਤਰੀਆਂ ਨੂੰ ਖਾਲੀ ਕਰੋ; ਪੰਛੀਆਂ ਦੇ ਨਹਾਉਣ ਲਈ ਰੱਖੇ ਗਏ ਬਾਥਾਂ ਵਿਚਲੇ ਪਾਣੀ ਨੂੰ ਹਫਤੇ ਵਿੱਚ 2 ਵਾਰੀ ਬਦਲੋ; ਬਾਰਿਸ਼ ਵਾਲੇ ਗਟਰਾਂ ਨੂੰ ਸਾਫ ਕਰੋ; ਤਿਰਪਾਲਾਂ, ਟਾਇਰਾਂ ਅਤੇ ਦੂਸਰੇ ਪੁਰਾਣੇ ਸਮਾਨ ਜਿਥੇ ਬਾਰਿਸ਼ ਦਾ ਪਾਣੀ ਇਕੱਠਾ ਹੋ ਸਕਦਾ ਹੈ ਨੂੰ ਖਾਲੀ ਕਰੋ; ਅਤੇ ਸਜਾਵਟ ਲਈ ਲਗਾਏ ਗਏ ਤਲਾਬਾਂ ਵਿੱਚ ਫੁਵਾਰਾ ਲਗਾਓ ਜਾਂ ਉਨ੍ਹਾਂ ਵਿੱਚ ਮੱਛੀਆਂ ਪਾਓ

ਬੈਕਯਾਰਡਾਂ ਵਿਚਲੇ ਤਲਾਬ ਮੱਛਰਾਂ ਦਾ ਇੱਕ ਵਡਾ ਸ੍ਰੋਤ ਹੋ ਸਕਦੇ ਹਨ ਅਤੇ ਮੱਛਰਾਂ ਦੇ ਵਾਧੇ ਨੂੰ ਰੋਕਣ ਲਈ ਨਿਯਮਿਤ ਰੂਪ ਨਾਲ ਉਨ੍ਹਾਂ ਦਾ ਰਖ ਰਖਾਅ ਕੀਤਾ ਜਾਣਾ ਚਾਹੀਦਾ ਹੈ

## ਕੀ ਇੱਕ ਮਰੇ ਹੋਏ ਪੰਛੀ ਨੂੰ ਛੂਹਣਾ ਮੈਨੂੰ ਵਿਗਾੜਗ੍ਰਸਤ ਕਰ ਸਕਦਾ ਹੈ?

ਪੰਛੀਆਂ ਨੂੰ ਛੂਹਣ ਕਰਕੇ ਵਿਗਾੜ ਦਾ ਜੋਖਮ ਬਹੁਤ ਹੀ ਨਿੰਮਾ ਹੈ; ਪਰ, ਤੁਹਾਨੂੰ ਜੰਗਲੀ ਪੰਛੀਆਂ ਜਾਂ ਦੂਸਰੇ ਜਾਨਵਰਾਂ (ਮਰੇ ਹੋਏ ਜਾਂ ਜ਼ਿੰਦਾ) ਨੂੰ ਛੂਹਣ ਲਈ ਆਪਣੇ ਨੰਗੇ ਹੱਥ ਨਹੀਂ ਵਰਤਣੇ ਚਾਹੀਦੇ। ਜੇ ਤੁਹਾਨੂੰ ਮਰੇ ਹੋਏ ਪੰਛੀ ਨੂੰ ਹਟਾਉਣ ਦੀ ਲੋੜ ਹੈ, ਤਾਂ ਹੇਠਾਂ ਦਿੱਤੀਆਂ ਸਾਵਧਾਨੀਆਂ ਵਰਤੀਆਂ ਜਾਣੀਆਂ ਚਾਹੀਦੀਆਂ ਹਨ:

- ਮਰੇ ਹੋਏ ਜਾਂ ਜ਼ਿੰਦਾ ਪੰਛੀਆਂ ਨੂੰ ਆਪਣੇ ਨੰਗੇ ਹੱਥਾਂ ਨਾਲ ਨਾ ਛੂਓ
- ਮਰੇ ਹੋਏ ਪੰਛੀ ਨੂੰ ਚੁਕਣ ਲਈ ਇੱਕ ਸ਼ੌਵਲ ਵਰਤੋ, ਉਸ ਨੂੰ ਦੋਹਰੇ ਗਾਰਬੇਜ ਬੈਗ ਵਿੱਚ ਰੱਖੋ, ਅਤੇ ਸਾਵਧਾਨ ਰਹੋ ਕਿ ਗਾਰਬੇਜ ਬੈਗ ਪੰਚਰ ਨਾ ਹੋ ਜਾਣ
- ਜੇ ਤੁਹਾਡੇ ਕੋਲ ਸ਼ੌਵਲ ਨਹੀਂ ਹੈ:
  - ਘਰ ਦੀ ਸਫਾਈ ਵਿੱਚ ਵਰਤੇ ਜਾਣ ਵਾਲੇ ਮੋਟੇ, ਲੀਕ ਨਾ ਹੋ ਸਕਣ ਵਾਲੇ ਦਸਤਾਨੇ ਵਰਤੋ ਜਾਂ ਕਈ ਸਾਰੇ ਲੀਕ ਨਾ ਹੋ ਸਕਣ ਵਾਲੇ ਪਲਾਸਟਿਕ ਬੈਗਾਂ ਨੂੰ ਦਸਤਾਨੇ ਦੀ ਤਰ੍ਹਾਂ ਵਰਤੋ
  - ਪਲਾਸਟਿਕ ਬੈਗਾਂ ਨੂੰ ਆਪਣੇ ਹੱਥ ਦੇ ਉਪਰ ਉਲਟਾ ਕਰਕੇ ਮੋੜੋ, ਅਤੇ ਪੰਛੀ ਨੂੰ ਪਕੜੋ, ਅਤੇ ਫਿਰ ਬੈਗ ਨੂੰ ਪੰਛੀ ਦੇ ਉਪਰ ਖਿੱਚੋ ਤਾਂ ਕਿ ਪੰਛੀ ਬੈਗਾਂ ਦੇ ਅੰਦਰ ਹੈ।ਸਾਵਧਾਨ ਰਹੋ ਕਿ ਤੁਸੀਂ ਪੰਛੀ ਨੂੰ ਨਾ ਛੂਹੋ ਅਤੇ ਆਪਣੇ ਹੱਥਾਂ ਨੂੰ ਬੈਗਾਂ ਦੇ ਬਾਹਰ ਰੱਖੋ। ਪੰਛੀ ਨਾਲ ਇਸ ਤਰ੍ਹਾਂ ਨਿਪਟੋ ਕਿ ਉਸ ਦੀ ਚੁੰਝ ਜਾਂ ਪੰਜੇ ਦਸਤਾਨਿਆਂ ਜਾਂ ਬੈਗ ਨੂੰ ਪੰਚਰ ਨਾ ਕਰਨ
- ਯਕੀਨੀ ਬਣਾਓ ਕਿ ਤੁਹਾਡਾ ਅਤੇ ਤੁਹਾਡੇ ਕਪੜਿਆਂ ਦਾ ਪੰਛੀ ਜਾਂ ਉਸਦੇ ਖੂਨ, ਸਰੀਰਕ ਦ੍ਰਵਾਂ ਜਾਂ ਮਲ ਦੇ ਨਾਲ ਸੰਪਰਕ ਨਹੀਂ ਹੁੰਦਾ
- ਪੰਛੀ ਨੂੰ ਸਥਾਨਕ ਬਾਏ-ਲਾਆਂ ਆਨੁਸਾਰ ਸੁੱਟੋ
- ਕਿਸੇ ਵੀ ਮਰੇ ਹੋਏ ਜਾਨਵਰ ਨੂੰ ਸੁਟਣ ਤੋਂ ਬਾਅਦ ਆਪਣੇ ਹੱਥ ਧੋਵੋ, ਜੇਕਰ ਤੁਸੀਂ ਦਸਤਾਨੇ ਪਾਏ ਹੋਣ ਤਾਂ ਵੀ

ਜੇ ਤੁਸੀਂ ਮਰੇ ਹੋਏ ਪੰਛੀਆਂ ਦੇ ਅਸਧਾਰਨ ਝੁੰਡ ਬਾਰੇ ਰਿਪੋਰਟ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 1 866 431-BIRD (2473) ਤੇ ਬੀ ਸੀ ਇੰਟਰਾਏਜੰਸੀ ਵਾਇਲਡ ਬਰਡ ਮੌਰਟੈਲਿਟੀ ਇੰਨਵੈਸਟੀਗੇਸ਼ਨ (BC Interagency Wild Bird Mortality Investigation) ਨੂੰ ਫੋਨ ਕਰੋ। ਰਿਪੋਰਟਾਂ ਨੂੰ ਰਿਕਾਰਡ ਅਤੇ ਉਨ੍ਹਾਂ ਦਾ ਮੁਲਾਂਕਣ ਇਹ ਨਿਰਧਾਰਤ ਕਰਨ ਲਈ ਕੀਤਾ ਜਾਏਗਾ ਜੇਕਰ ਵਧੇਰੀ ਪੜਤਾਲ ਦੀ ਲੋੜ ਹੈ, ਅਤੇ ਜੇ ਅਜਿਹਾ ਹੈ, ਤਾਂ ਕੇਸ ਦਰ ਕੇਸ ਦੇ ਅਧਾਰ ਤੇ ਸੇਧ ਮੁੱਹਈਆ ਕੀਤੀ ਜਾਏਗੀ।

## ਵਧੇਰੇ ਜਾਣਕਾਰੀ ਲਈ

- ਬੀ ਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ www.bccdc.ca/health-info/diseases-conditions/west-nile-virus-wnv
- ਹੈਲਦੀ ਕਨੇਡੀਅਨਜ਼ www.canada.ca/en/public-health/services/diseases/west-nile-virus.html

BC Centre for Disease Control
An agency of the Provincial Health Services Authority